# ਲਟ ਲਟ ਜੋਤ ਜਗੇ

G. 578

ਪ੍ਰਭਜੋਤ

SARDAR DYAL SINGH
LAHORE
LIBRARY.

ਲਾਹੌਰ ਬੁਕ ਸ਼ਾਪ

ਨਿਸਬਤ ਰੋਡ, ਮੋਹਨ ਲਾਲ ਰੋਡ,

ਲਾਹੌਰ

ਸਭ ਹੱਕ ਕਰਤਾ ਦੇ ਰਾਖਵੇਂ

891.421
ਪ੍ਰ ੬੬ ਕ
29352

ਅਕਤੂਬਰ ੧੯੪੩

ਪ੍ਰਿੰਟਰ : ਰਾਮਸਰਨ ਦਾਸ, ਮਾਲਕ, ਕੁਮਰਸ਼ਲ ਪ੍ਰਿੰਟਿੰਗ ਵਰਕਸ, ਲਾਹੌਰ
ਪਬਲਿਸ਼ਰ : ਜੀਵਨ ਸਿੰਘ ਐਮ. ਏ., 'ਲਾਹੌਰ ਬੁਕ ਸ਼ਾਪ', ਲਾਹੌਰ

## ਭੇਟਾ

ਮਿੱਠੀ ਅੰਮੀ ਨੂੰ ਜਿਸ ਦੇ ਨਿੱਘੇ ਪਿਆਰ
ਨੇ ਮੈਨੂੰ ਬਚਪਨ ਵਿਚ ਹੀ ਖਿਲਰੀਆਂ
ਹੋਈਆਂ ਕਲੀਆਂ ਚੁਣ ਕੇ ਹਾਰ ਗੁੰਦਣ
ਦੀ ਜਾਚ ਸਿਖਾਈ ।

'ਪ੍ਰਭਜੋਤ'

# ਜਾਣ ਪਹਿਚਾਣ

ਮੈਨੂੰ ਖ਼ੁਸ਼ੀ ਏ ਕਿ ਮੈਂ ਅਜ ਪੰਜਾਬੀ ਦੁਨੀਆਂ ਨਾਲ ਇਕ ਕਵੀ ਕੁੜੀ ਦੀ ਜਾਣ ਪਹਿਚਾਣ ਕਰਾ ਰਹੀ ਹਾਂ ਤੇ ਉਹ ਹੈ ਬੀਬੀ ਪ੍ਰਭਜੋਤ ਗਵਰਮੈਂਟ ਡੇਅਰੀ ਫ਼ਾਰਮ ਪੂਨਾ ਦੇ ਸੁਪ੍ਰਵਾਈਜ਼ਰ ਸ੍ਰ: ਨਿਧਾਨ ਸਿੰਘ ਜੀ ਦੀ ੧੯ ਕੁ ਸਾਲ ਦੀ ਲੜਕੀ ਏ (ਪ੍ਰਭਜੋਤ ਦਾ ਜਨਮ ੬ ਜੂਨ ੧੯੨੪ ਨੂੰ ਹੋਇਆ ਸੀ)।

ਕਵਿਤਾ ਦਾ ਬੀਜ ਕੁਦਰਤ ਨੇ ਸ਼ੁਰੂ ਤੋਂ ਹੀ ਬੀਬੀ ਪ੍ਰਭਜੋਤ ਦੇ ਦਿਲ ਵਿਚ ਰੱਖਿਆ ਹੋਇਆ ਸੀ ਤੇ ਕਿਸੇ ਗੁਰਪੁਰਬ ਨੂੰ ਕਵਿਤਾ ਬੋਲਣ ਦੇ ਸ਼ੌਕ ਨੇ ਅਤੇ ਸਕੂਲ ਵਿਚ ਵਿਦਿਆਰਥੀ ਕਵੀਆਂ ਨਾਲ ਰਲਕੇ ਕਵਿਤਾ ਸੁਨਾਣ ਦੇ ਚਾਅ ਨੇ ਓਸ ਕਵਿਤਾ ਦੇ ਬੀਜ ਨੂੰ ਪੁੰਗਰਨ ਦਾ ਮੌਕਾ ਦਿੱਤਾ। ਦਸੰਬਰ ੧੯੩੮ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਉਤੇ ਬੀਬੀ ਪ੍ਰਭਜੋਤ ਨੇ ਪਹਿਲੀ ਪਹਿਲੀ ਕਵਿਤਾ ਲਿਖੀ। ਫੇਰ ਦਸਵੀਂ ਜਮਾਤ ਵਿਚ ਪੜ੍ਹਦਿਆਂ ਰਾਏ ਬਹਾਦੁਰ ਸੋਹਨ ਲਾਲ ਸਕੂਲ ਲਾਹੌਰ ਵਿਚ ਹੋਏ ਵਿਦਿਆਰਥੀ ਕਵੀਆਂ ਦੇ ਮੁਕਾਬਲੇ ਵਿਚ ਅੱਵਲ ਰਹੀ ਤੇ ਓਸ ਤੋਂ ਬਾਅਦ ਕਈ ਕਵੀ ਦਰਬਾਰਾਂ ਵਿਚੋਂ ਇਨਾਮ ਭੀ ਲੀਤੇ—ਫੇਰ ਖ਼ਾਲਸਾ ਕਾਲਜ ਫ਼ਾਰ ਵਿਮਨ ਲਾਹੌਰ ਵਿਚ ਸੈਕੰਡਈਅਰ ਵਿਚ ਪੜ੍ਹਦੀ ਪ੍ਰਭਜੋਤ ਨੂੰ ਕਾਲਜ ਦੀ ਮੈਗਜ਼ੀਨ 'ਆਭਾ' ਦੇ ਪੰਜਾਬੀ ਭਾਗ ਦੀ ਐਡੀਟਰ ਸ਼ਿਪ ਲਈ ਭੀ ਚੁਣਿਆ ਗਿਆ।



ਬੀਬੀ ਪ੍ਰਭਜੋਤ ਖ਼ਿਆਲਾਂ ਦੀ ਉੱਚੀ ਅਤੇ ਦਿਲ ਦੀ ਦਲੇਰ ਕੁੜੀ ਏ, ਵਤਨ ਪਿਆਰ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਏ ਤੇ ਕਿਤੇ ਕਿਤੇ ਤਾਂ ਖ਼ਿਆਲ ਨੇ ਲਫ਼ਜ਼ ਭੀ ਜ਼ੋਰਦਾਰ ਪਕੜੇ ਨੇ ਜਿਵੇਂ :

ਲਹੂ ਬਿਨਾ ਜਿੰਦੜੀ ਨਹੀਂ ਹੁੰਦੀ
ਲਹੂ ਦੀ ਠੰਢੀ ਰੌ ਨਹੀਂ ਹੁੰਦੀ

ਤੇ ਕਿਤੇ ਕਿਤੇ ਬਿਆਨ ਭੀ ਚੰਗਾ ਉੱਘੜਿਆ ਏ, ਜਿਵੇਂ :

ਗੁਲਾਮਾਂ ਦੀ ਬੋਲੀ ਹੈ, ਹਾਂ ਹਾਂ ਤੇ ਜੀ ਜੀ
ਗੁਲਾਮਾਂ ਦੀ ਇਜ਼ਤ ਹੈ ਦੁਰ ਦੁਰ ਤੇ ਛੀ ਛੀ

ਸਮੇਂ ਅਤੇ ਤਜਰਬੇ ਦੇ ਮੁਤਾਬਕ ਆਪੇ ਹੀ ਖ਼ਿਆਲ ਹੋਰ ਡੂੰਘੇ, ਬੋਲੀ ਹੋਰ ਗਾੜ੍ਹੀ ਤੇ ਰਾਗ ਹੋਰ ਮਿੱਠਾ ਹੁੰਦਾ ਜਾਏਗਾ। ਪ੍ਰਭਜੋਤ ਵਿਚ ਮਹਿਸੂਸ ਕਰਨ ਦੀ ਤਾਕਤ ਹੈ ਏਸ ਲਈ ਬਿਆਨ ਆਪਨੇ ਆਪ ਸਮਾਂ ਪਾ ਕੇ ਆਵੇਗਾ, ਆ ਰਿਹਾ ਹੈ ਪਰ ਹੋਰ ਤਗੜਾ ਹੋ ਕੇ ਆਵੇਗਾ।

ਇਹ ਕਿਤਾਬ ਪ੍ਰਭਜੋਤ ਦੀ ਪਹਿਲੀ ਪਹਿਲੀ ਕਿਤਾਬ ਏ ਤੇ ਸਾਨੂੰ ਏਸ ਕਵੀ ਕੁੜੀ ਦੀ ਕਦਰ ਕਰਨੀ ਚਾਹੀਦੀ ਏ। ਭਾਵੇਂ ਹੁਣ ਪੰਜਾਬੀ ਸਾਹਿੱਤ ਬੜਾ ਮੌਲਿਆ ਏ ਪਰ ਇਸ ਵਿਚ ਲਿਖਾਰੀ ਕੁੜੀਆਂ ਦੀ ਗਿਣਤੀ ਬਹੁਤੀ ਕੋਈ ਨਹੀਂ, ਮੈਂ ਖ਼ੁਸ਼ ਹਾਂ ਅਤੇ ਕਹਿ ਸਕਦੀ ਹਾਂ ਕਿ ਬੀਬੀ ਪ੍ਰਭਜੋਤ ਵਿਚ ਜੇਹੜੀ ਕਵਿਤਾ ਪੁੰਗਰੀ ਏ ਜੇ ਕੁਦਰਤ ਨੇ ਮੌਕਾ ਦਿਤਾ ਤਾਂ ਇਹ ਡਾਢੀ ਸੋਹਣੀ ਮੌਲੇਗੀ ਭੀ ਅਤੇ ਪੰਜਾਬੀ ਸਾਹਿਤ ਨੂੰ ਉਹ ਕਵੀ-ਕੁੜੀ ਮਿਲੇਗੀ ਜਿਸ ਦਾ ਨਾਉਂ ਉਹ ਮਾਣ ਨਾਲ ਲੈ ਸਕੇ।

੧ ਅਕਤੂਬਰ, ੧੯੪੩]

ਅੰਮ੍ਰਿਤਾ ਪ੍ਰੀਤਮ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.